# ਤਪਦਿਕ

## ਪ੍ਰਤੱਖ ਨੀਰੀਖਣ ਵਾਲੀ ਚਿਕਿਤਸਾ

ਫੇਫੜਿਆਂ ਤਪਦਿਕ (ਟੀ ਬੀ) ਇੱਕ ਗੰਭੀਰ, ਛੂਤ ਦਾ ਰੋਗ ਹੈ। ਤੁਹਾਨੂੰ 6 ਮਹੀਨੇ ਜਾਂ ਉਸ ਤੋਂ ਵੀ ਲਮੇਂ ਸਮੇਂ ਲਈ ਜੀਵਾਣੂਆਂ ਨੂੰ ਨਸ਼ੱਟ ਕਰਨ ਵਾਲੀ ਦਵਾਈ (ਐਂਟੀਬਾਓਟਿਕਸ) ਲੈਣੀ ਪੈਂਦੀ ਹੈ। ਟੀ ਬੀ ਦਾ ਇਲਾਜ ਕਰਨ ਨੂੰ ਬਹੁਤ ਸਮਾਂ ਲੱਗ ਜਾਂਦਾ ਹੈ। ਜੇ ਕਰ ਤੁਸੀ ਜੀਵਾਣੂਆਂ ਨੂੰ ਨਸ਼ੱਟ ਕਰਨ ਵਾਲੀ ਦਵਾਈ ਜਲਦੀ ਬੰਦ ਕਰ ਦਿੰਦੇ ਹੋ ਤਾਂ ਤੁਸੀ ਦੂਬਾਰਾ ਵੀ ਬਿਮਾਰ ਹੋ ਸਕਦੇ ਹੋ। ਕਿਉਂਕਿ ਜੀਵਾਣੂ ਜ਼ਿਆਦਾ ਸ਼ਕਤੀਸ਼ਾਕੀ ਹੋ ਜਾਂਦੇ ਹਨ, ਇਸ ਲਈ ਪਹਿਲਾਂ ਤੋਂ ਲਿੱਤੇ ਹੋਏ ਟੀ ਬੀ ਦੇ ਜੀਵਾਣੂਆਂ ਨੂੰ ਨਸ਼ਟ ਕਰਨ ਵਾਲੀ ਦਵਾਈ ਕੰਮ ਨਹੀਂ ਕਰਦੇ।

ਪ੍ਰਤੱਖ ਨੀਰੀਖਣ ਵਾਲਾ ਇਲਾਜ (DOT) ਟੀ ਬੀ ਨੂੰ ਠੀਕ ਕਰਨ ਦਾ ਸੱਭ ਤੋਂ ਵੱਧਿਆ ਤਰੀਕਾ ਹੈ। DOT ਦਾ ਅਰਥ ਹੈ ਕਿ ਪੀਲ ਹੈਲਥ ਵਿਭਾਗ ਦਾ DOT ਵਰਕਰ ਹੱਫ਼ਤੇ ਵਿੱਚ ਦੋ ਵਾਰੀ ਤੁਹਾਨੂੰ ਮਿਲਣ ਆਵੇਗਾ। DOT ਵਰਕਰ ਤੁਹਾਨੂੰ ਟੀ ਬੀ ਦੇ ਜੀਵਾਣੂਆਂ ਨੂੰ ਨਸ਼ੱਟ ਕਰਨ ਵਾਲੀ ਦਵਾਈ ਦੇਵੇਗਾ। ਇੱਕ ਪਬਲਿਕ ਹੈਲਥ ਨਰਸ ਤੁਹਾਨੂੰ ਟੀ ਬੀ ਬਾਰੇ ਸੂਚਨਾ ਦੇਣ ਲਈ ਅਤੇ DOT ਦੇ ਵਰਕਰ ਨਾਲ ਮਿਲਵਾਉਣ ਲਈ ਤੁਹਾਡੇ ਨਾਲ ਇੱਕ ਭੇਂਟ ਦਾ ਪ੍ਰਬੰਧ ਕਰੇਗੀ।

## DOT ਵਰਕਰ ਕਿਸ ਤਰ੍ਹਾਂ ਮਦੱਦ ਕਰਦਾ ਹੈ?

- ਟੀ ਬੀ ਦੀ ਦਵਾਈ ਤੇਜ਼ ਹੁੰਦੀ ਹੈ। DOT ਵਰਕਰ ਇਸਦੇ ਦੂਸਰੇ ਅਸਰਾਂ ਨੂੰ ਦੇਖੇਗਾ ਅਤੇ ਤੁਹਾਨੂੰ ਸਲਾਹ ਦੇਵੇਗਾ ਕਿ ਤੁਸੀ ਡਾਕਟਰ ਨੂੰ ਕਦੋਂ ਬੁਲਾਣਾ ਹੈ।
- DOT ਦੇ ਨਾਲ ਹੋ ਸਕਦਾ ਹੈ ਤੁਹਾਨੂੰ ਜੀਵਾਣੂਆਂ ਨੂੰ ਨਸ਼ੱਟ ਕਰਨ ਵਾਲੀ ਦਵਾਈ ਹਰ ਰੋਜ਼ ਦੀ ਬਜਾਏ ਹਫ਼ਤੇ ਵਿੱਚ ਕੇਵਲ ਦੋ ਵਾਰੀ ਲੈਣੀ ਪਵੇ।
- DOT ਵਰਕਰ ਤੁਹਾਨੂੰ ਡਾਕਟਰ ਨਾਲ ਨਿਸ਼ਚਤ ਸਮੇਂ ਦੇ ਬਾਰੇ ਯਾਦ ਕਰਵਾਉਣ ਵਿੱਚ ਮਦੱਦ ਕਰੇਗਾ।
- DOT ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਦੇਵੇਗਾ। ਇਸ ਨਾਲ ਟੀ ਬੀ ਦਾ ਡਰ ਘੱਟ ਜਾਂਦਾ ਹੈ।
- DOT ਵਰਕਰ ਸੇਹਤ ਬਾਰੇ ਸਿਖਿਆ ਦੇ ਕੇ ਤੁਹਾਡੀ ਸੇਹਤ ਵਿੱਚ ਸੁਧਾਰ ਕਰ ਸਕਦਾ ਹੈ।
- DOT ਵਰਕਰ ਤੁਹਾਡੇ ਸਾਮਾਜਿਕ ਵਿਸ਼ੇਆਂ ਨੂੰ ਜਾਂਚੇਗਾ ਅਤੇ ਤੁਹਾਨੂੰ ਉਚਿਤ ਸਮੁਦਾਇਕ ਸੰਸਥਾ ਕੋਲ ਭੇਜੇਗਾ।
- DOT ਵਰਕਰ ਤੁਹਾਨੂੰ ਦਵਾਈ ਲੈਣ ਬਾਰੇ ਯਾਦ ਕਰਵਾਏਗਾ।
- ਜਦੋਂ ਤਕ ਤੁਹਾਡਾ ਇਲਾਜ ਖਤਮ ਨਹੀਂ ਹੋ ਜਾਂਦਾ DOT ਵਰਕਰ ਤੁਹਾਨੂੰ ਉਤਸਾਹਿਤ ਕਰੇਗਾ ਅਤੇ ਤੁਹਾਨੂੰ ਸਹਿਯੋਗ ਦੇਵੇਗਾ।




ਤੁਸੀ, ਤੁਹਾਡਾ ਡਾਕਟਰ ਅਤੇ ਪੀਲ ਸੇਹਤ ਵਿਭਾਗ ਤੁਹਾਡਾ ਟੀ ਬੀ ਦਾ ਇਲਾਜ ਪੂਰਾ ਹੋਣ ਤਕ ਮਿੱਲ ਕੇ ਕੰਮ ਕਰਣਗੇ। ਕ੍ਰਿਪਾ ਕਰਕੇ ਪਬਲਿਕ ਹੈਲਥ ਨਰਸ ਅਤੇ ਡੋਟ ਵਰਕਰ ਕੋਲੋਂ ਆਪਣੇ ਸਵਾਸਥ ਬਾਰੇ ਕੋਈ ਵੀ ਸਵਾਲ ਆਜ਼ਾਦੀ ਨਾਲ ਪੁੱਛੋ।

Region of Peel
Working for you

F-07-241 Punjabi 03/01